# ਜ਼ਿਲ੍ਹਾ ਪ੍ਰੀਸ਼ਦ ਚੋਣ ਤੇ ਸੰਖੇਪ ਜਾਣਕਾਰੀ

## ਮਤਦਾਨ ਦੀ ਮਿਤੀ ਅਤੇ ਸਮਾਂ

- 22 ਨਵੰਬਰ 2015 (ਐਤਵਾਰ)
- 7:30 a.m. - 10:30 p.m.

## ਨਾਮਜ਼ਦਗੀ ਸਮਾਂ

- 2 – 15 ਅਕਤੂਬਰ 2015

## ਨਾਮਜ਼ਦਗੀ ਲਈ ਯੋਗਤਾ

- ਇੱਕ ਚੋਣਕਾਰ ਜੋ ਕਿ 21 ਸਾਲ ਦੀ ਉਮਰ ਤੇ ਪਹੁੰਚ ਗਆ ਹੈ
- ਨਾਮਜ਼ਦਗੀ ਤੋਂ ਪਿਛਲੇ ਤਿੰਨ ਸਾਲ ਤੋਂ ਆਮ ਤੌਰ ਤੇ ਹਾਂਗ ਕਾਂਗ ਵਿੱਚ ਰਿਹ ਰਹੇ ਹਨ
- ਜ਼ਿਲ੍ਹਾ ਪ੍ਰੀਸ਼ਦ ਆਰਡੀਨੈਂਸ (ਕੈਪ. 547) ਦੀ ਧਾਰਾ 20 ਵਿੱਚ ਸੈੱਟ ਹੋਏ ਹੋਰ ਮਾਪਦੰਡ ਨੂੰ ਵੀ ਪੂਰਾ ਕਰੇ

## ਨਾਮਜ਼ਦਗੀ ਪ੍ਰਕ੍ਰਿਆ

- ਨਾਮਜ਼ਦਗੀ ਫਾਰਮ 10/F, Harbour Centre, 25 Harbour Road, Wan Chai ਵਿੱਚ ਜ਼ਿਲ੍ਹਾ ਦਫਤਰ ਅਤੇ ਰਜਿਸਟਰੇਸ਼ਨ ਅਤੇ ਚੋਣ ਦਫ਼ਤਰ (REO) ਤੇ ਵੀ ਉਪਲਬਧ ਹਨ । ਇਹ REO ਵੈਬਸਾਈਟ (www.reo.gov.hk) ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ ।
- ਇੱਕ ਨਾਮਜ਼ਦਗੀ ਫਾਰਮ ਸਬੰਧਤ ਹਲਕੇ ਦੇ 10 ਦਰਜ ਵੋਟਰਾਂ ਦੁਆਰਾ ਹੀ ਸਮਰਥਨ ਹੋਣਾ ਚਾਹੀਦਾ ਹੈ। ਹਰ ਮਤਦਾਤਾ ਕੇਵਲ ਇੱਕ ਹੀ ਨਾਮਜ਼ਦਗੀ ਨੂੰ ਸਮਰਥਨ ਕਰ ਸਕਦਾ ਹੈ ।

## ਮਤਦਾਨ

- ਰਜਿਸਟਰਡ ਵੋਟਰ ਚੋਣਾਂ ਵਿੱਚ ਆਪਣੀ ਵੋਟ ਦੇ ਸਕਦਾ ਹੈ ।
- ਹਰ ਮਤਦਾਤਾ ਇੱਕ ਮਨੋਨੀਤ ਪੋਲਿੰਗ ਸਟੇਸ਼ਨ ਨੂੰ ਜਾਰੀ ਕੀਤਾ ਜਾਵੇਗਾ ।
- ਮਤਦਾਨ ਦੇ ਲੱਗਭੱਗ 10 ਦਿਨ ਪਹਿਲਾਂ ਸਬੰਧਤ ਮਤਦਾਤਾਵਾਂ ਨੂੰ ਇੱਕ ਪੋਲ ਕਾਰਡ ਜਾਰੀ ਕੀਤਾ ਜਾਵੇਗਾ ਜਿਸ ਉੱਤੇ ਮਨੋਨੀਤ ਕੇਂਦਰ ਪ੍ਰਕਾਸ਼ਿਤ ਹੋਵੇਗਾ ।
- ਮਤਦਾਨ ਕੇਂਦਰ ਚਲਣ-ਫਿਰਨ ਵਿੱਚ ਮੁਸ਼ਕਲ ਵਾਲੇ ਆਦਮੀਆਂ ਲਈ ਪਹੁੰਚਯੋਗ ਹੈ ਜਾਂ ਨਹੀਂ ਇਹ ਪੋਲ ਕਾਰਡ ਨਾਲ ਜੁੜੇ ਨਕਸ਼ੇ ਵਿੱਚ ਨਿਸ਼ਚਿਤ ਕੀਤਾ ਜਾਵੇਗਾ । ਵਿਕਲਾਂਗ

ਮਤਦਾਤਾ ਇਹ ਜਾਣਨੇ ਦੇ ਬਾਅਦ ਕਿ ਮਨੋਨੀਤ ਮਤਦਾਨ ਕੇਂਦਰ ਉਨ੍ਹਾਂ ਦੇ ਲਈ ਪਹੁੰਚਯੋਗ ਨਹੀਂ ਹੋਵੇਗਾ, ਉਹ ਪੰਜੀਕਰਣ ਅਤੇ ਨਿਰਵਾਚਨ ਦਫ਼ਤਰ ਨੂੰ ਮਨੋਨੀਤ ਵਿਸ਼ੇਸ਼ ਮਤਦਾਨ ਕੇਂਦਰ ਉੱਤੇ ਮਤਦਾਨ ਕਰਨ ਲਈ ਫੈਕਸ ਦੁਆਰਾ ( 2891 1180 ) ਜਾਂ ਟੈਲੀਫੋਨ ਦੁਆਰਾ ( 2891 1001 ) 17 ਨਵੰਬਰ 2015 ਤੋਂ ਪਹਿਲਾਂ ਆਵੇਦਨ ਕਰ ਸੱਕਦੇ ਹਨ ।

- ਜੇਕਰ ਮਤਦਾਤਾ ਨੂੰ ਮਤਦਾਨ ਉੱਤੇ ਜਾਣਕਾਰੀ ਲਈ ਅਨੁਵਾਦ ਵਿੱਚ ਸਹਾਇਤਾ ਦੀ ਜ਼ਰੂਰਤ ਹੈ ਤਾਂ, ਉਹ ਘੱਟ ਗਿਣਤੀ ਲੋਕਾਂ ਲਈ ਕੇਂਦਰ ( CHEER ) ਵਿੱਚ ਨਿੱਚੇ ਲਿਖੇ ਹੌਟਲਾਈਨ ਉੱਤੇ ਕਾੱਲ ਕਰ ਸੱਕਦੇ ਹੈ ਹਨ ਜੋ ਕਿ 9 ਨਵੰਬਰ 2015 ਤੋਂ ਲਾਗੂ ਹੋਵੇਗਾ ।

| ਭਾਸ਼ਾ | ਹੌਟਲਾਈਨ ਨੰਬਰ |
|---|---|
| ਭਾਸ਼ਾ ਇੰਡੋਨੇਸੀਆ | 3755 6811 |
| ਤਾਗਾਲੋਗ | |
| ਥਾਈ | |
| ਹਿੰਦੀ | 3755 6822 |
| ਨੇਪਾਲੀ | |
| ਉਰਦੂ | 3755 6833 |
| ਪੰਜਾਬੀ | |

**ਮਤਦਾਨ ਕਿਵੇਂ ਕਰੀਏ ?**

- ਮਤਦਾਨ ਕੇਂਦਰ ਵਿੱਚ ਆਪਣਾ HKID ਕਾਰਡ ਲਿਆਓ ਅਤੇ ਮੌਜੂਦ ਮਤਦਾਨ ਕਰਮਚਾਰੀਆਂ ਨੂੰ ਦਿਖਾਵੋ ।
- ਤੁਹਾਨੂੰ ਇੱਕ ਬੈਲਟ ਪੇਪਰ, **"✓" (**ਟਿਕ**)** ਲਗਾ ਹੋਇਆ ਇੱਕ ਚਾਪ ਦੇ ਨਾਲ ਇੱਕ ਪੇਪਰ ਬੋਰਡ ਦਿੱਤਾ ਜਾਵੇਗਾ । ਤੁਹਾਨੂੰ ਆਪਣੇ ਬੈਲਟ ਪੇਪਰ ਤੇ ਟਿਕ ਕਰਨ ਲਈ ਦਿੱਤੀ ਗਈ ਚਾਪ ਦਾ ਪ੍ਰਯੋਗ ਕਰਨਾ ਹੋਵੇਗਾ ।
- ਮਤਦਾਨ ਕਮਰੇ ਦੇ ਅੰਦਰ, ਬੈਲਟ ਪੇਪਰ ਉੱਤੇ ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਦੇ ਅੱਗੇ ਦਿੱਤੇ ਹੋਏ ਘੇਰੇ ਵਿੱਚ ਚਾਪ ਲਗਾਓ । ਕੇਵਲ ਇੱਕ ਉਮੀਦਵਾਰ ਲਈ ਮਤਦਾਨ ਕਰੋ । ਜੇਕਰ ਤੁਸੀ ਕੋਈ ਗਲਤੀ ਕਰਦੇ ਹੋ, ਕ੍ਰਿਪਾ ਕਰਕੇ ਬੈਲਟ ਪੇਪਰ ਪ੍ਰਧਾਨ ਅਧਿਕਾਰੀ ਨੂੰ ਵਾਪਸ ਕਰੋ ਅਤੇ ਇੱਕ ਨਵੇਂ ਬੈਲਟ ਪੇਪਰ ਲਈ ਪੁੱਛੋ ।

- ਬੈਲਟ ਪੇਪਰ ਨੂੰ ਬੈਲਟ ਬਾੱਕਸ ਵਿੱਚ ਪਾਉਣ ਤੋਂ ਪਹਿਲਾਂ , “✓” (ਟਿਕ) ਨੂੰ ਲੁਕਾਓਣ ਲਈ ਇੱਕ ਵਾਰ ਮੋੜੋ ।

**ਸਾਫ਼ ਚੋਣ**

ਭ੍ਰਿਸ਼ਟਾਚਾਰ ਵਿਰੁੱਧ ਸਵਾਧੀਨ ਕਮਿਸ਼ਨ (ICAC) ਦੁਆਰਾ ਲਾਗੂ ਕੀਤਾ ਜਾਣ ਵਾਲਾ ਚੋਣ (ਭ੍ਰਿਸ਼ਟ ਅਤੇ ਗੈਰਕਨੂੰਨੀ ਪ੍ਰਣਾਲੀ) ਅਧਿਆਦੇਸ਼ (ਕੈਪ 554) ਦੇ ਅਨੁਸਾਰ, ਇੱਕ ਮਤਦਾਤਾ ਨੂੰ ਇਹ ਨਹੀ ਕਰਨਾ ਚਾਹੀਦਾ ਹੈ :

- ਚੋਣ ਵਿੱਚ ਵੋਟ ਨਾ ਪਾਉਣ ਲਈ ਜਾਂ ਕਿਸੇ ਇੱਕ ਵਿਸ਼ੇਸ਼ ਉਮੀਦਵਾਰ ਨੂੰ ਵੋਟ ਪਾਉਣ ਲਈ ਜਾਂ ਨਾ ਪਾਉਣ ਲਈ ਕਿਸੇ ਇੱਕ ਵਿਅਕਤੀ ਤੋਂ ਕੋਈ ਮੁਨਾਫ਼ਾ (ਪੈਸਾ, ਉਪਹਾਰ, ਆਦਿ ਸਹਿਤ), ਖਾਣਾ, ਪਾਣੀ ਜਾਂ ਮਨੋਰੰਜਨ ਮੰਗਣਾ ਜਾਂ ਸਵੀਕਾਰ ਕਰਨਾ ;

- ਕਿਸੇ ਦੇ ਮਤਦਾਨ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਲਈ ਦਬਾਅ ਜਾਂ ਨਾਜਾਇਜ਼ ਦਬਾ ਦਾ ਪ੍ਰਯੋਗ ਜਾਂ ਪ੍ਰਯੋਗ ਕਰਣ ਲਈ ਧਮਕੌਣਾ ;

- ਉਨ੍ਹਾਂਨੂੰ/ਉਹਨੂੰ ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਉਹ ਮਤਦਾਨ ਦੇ ਹੱਕਦਾਰ ਨਹੀਂ ਹਨ ਤਾਂ ਵੀ ਵੋਟ ਪਾਉਣਾ; ਜਾਂ ਜਾਣਬੁੱਝਕੇ ਜਾਂ ਬਿਨਾਂ ਵਿਚਾਰੇ ਝੂਠੀ ਜਾਂ ਚਾਲਬਾਜ਼ ਜਾਣਕਾਰੀ (ਝੂਠੀ ਰਿਹਾਇਸ਼ ਦਾ ਪਤਾ) ਨਿਰਵਾਚਕੀ ਅਧਿਕਾਰੀ ਨੂੰ ਦੇਣਾ ।